ਤਰ੍ਹਾਂ ਪਰਾਏ ਭਾਵ ਵਿੱਚ ਜਾ ਰਿਹਾ ਹੈਂ। ਹੇ ਮੂਰਖ, ਜੋ ਹੋਇਆ ਸੋ ਹੋਇਆ। ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਹੈ। - (4)

'ਗਿਆਨ, ਦਰਸ਼ਨ (ਸਰਧਾ), ਚਰਿੱਤਰ ਵਿੱਚ ਚਿਨ੍ਹਾਂ ਵਾਲੀ ਚੇਤਨਾ ਤੋਂ ਛੁੱਟ ਸਾਰੇ ਪਦਾਰਥ ਪਰਾਏ ਹਨ।' ਤੂੰ ਇਸ ਵਿਚਾਰ ਨੂੰ ਪੱਕਾ ਕਰਕੇ ਆਪਣੇ ਆਤਮ ਕਲਿਆਣ ਲਈ ਕੋਸ਼ਿਸ਼ ਕਰ। - (5)

# ਪੰਚਮ ਭਾਵਨਾ (ਗੀਤ)

ਹੇ ਵਿਨੈ ! ਜਰਾ ਆਪਣੇ ਘਰ ਨੂੰ ਚੰਗੀ ਤਰ੍ਹਾਂ ਸੰਭਾਲ ਲੈ। ਸਰੀਰ, ਧਨ, ਰਿਸ਼ਤੇਦਾਰ ਇਨ੍ਹਾਂ ਸਾਰਿਆਂ ਵਿੱਚੋਂ ਤੈਨੂੰ ਕੋਈ ਵੀ ਦੁਰਗਤੀ ਤੋਂ ਬਚਾਉਣ ਵਾਲਾ ਨਹੀ ਹੈ। ਅੰਤ ਤੇਰਾ ਆਪਣਾ ਕੁਝ ਵੀ ਨਹੀ। - (1)

ਜਿਸ ਨੂੰ ਤੂੰ ਆਪਣਾ ਸਮਝ ਕੇ ਅਪਣਾਉਂਦਾ ਹੈਂ, ਉਹ ਸਰੀਰ ਵੀ ਬਹੁਤ ਚੰਚਲ ਹੈ। ਤੈਨੂੰ ਉਹ ਨੁਕਸਾਨ ਕਰਕੇ ਢਿੱਲਾ ਅਤੇ ਬੇਜਾਨ ਬਣਾ ਕੇ ਰੱਖ ਦੇਵੇਗਾ। - (2)

ਹਰ ਜਨਮ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਪਰੀਗ੍ਰਹਿ (ਧਨ-ਸੰਪਤੀ) ਤੂੰ ਇਕੱਠੇ ਕੀਤੇ ਹਨ। ਪਰਿਵਾਰ, ਕਬੀਲਾ ਬਣਾਇਆ ਹੈ ਅਤੇ ਜਦ ਪਰਲੋਕ ਦੀ ਯਾਤਰਾ ਦੇ ਚੱਲਣ ਦਾ ਸਮਾਂ ਆਉਂਦਾ ਹੈ ਤਾਂ ਇਹ ਸਾਰਾ ਕੁਝ ਇੱਥੇ ਹੀ ਧਰਿਆ ਰਹਿ ਜਾਂਦਾ ਹੈ। ਇੱਕ ਛੋਟਾ ਜਿਹਾ ਹਿੱਸਾ ਵੀ ਤੇਰੇ ਨਾਲ ਨਹੀ ਜਾਵੇਗਾ। - (3)

ਲਗਾਓ ਤੇ ਗੁੱਸੇ ਨੂੰ ਉਭਾਰਨ ਵਾਲੀ ਮਮਤਾ ਨੂੰ ਛੱਡ ਦੇ। ਇਸ ਦੇ ਲਈ ਪਰਾਈ ਚੀਜ ਦੇ ਮੇਲ ਤੋਂ ਦੂਰ ਰਹਿ। ਬਿਨਾ ਮਿਲਾਪ ਅਤੇ ਇੱਛਾ ਤੋਂ ਮੁਕਤ ਹੋ ਕੇ ਅਨੁਭਵ ਰਸ ਦੇ ਸੁੱਖ ਨੂੰ ਪ੍ਰਾਪਤ ਕਰ। - (4)

ਸਫ਼ਰ ਵਿੱਚ ਸਹਾਇਕ ਹੋ ਜਾਣ ਵਾਲੇ ਮਹਿਮਾਨਾਂ ਦੇ ਨਾਲ ਰਿਸ਼ਤਾ ਰੱਖਣ ਦਾ ਕੀ ਫ਼ਾਇਦਾ ? ਆਪਣੇ ਆਪਣੇ ਕਰਮਾਂ ਦੇ ਸਹਾਰੇ ਜੀਉਣ ਵਾਲੇ ਆਪਣਿਆਂ ਦੇ ਨਾਲ ਮੋਹ ਦੇ ਬੰਧਣ ਕਿਉਂ ਜੋੜਦਾ ਹੈਂ ? - (5)

ਤੇਰੇ ਪ੍ਰਤੀ ਜਿਸ ਨੂੰ ਪ੍ਰੇਮ ਨਹੀਂ, ਆਪਣਾਪਣ ਨਹੀਂ, ਉਸ ਨੂੰ ਪਾਉਣ ਦੀ ਕੋਸ਼ਿਸ਼ ਕਰੇਂਗਾ ਤਾਂ ਆਖ਼ਿਰ ਵਿੱਚ ਤੈਨੂੰ ਤਕਲੀਫ਼ ਹੀ ਹੋਵੇਗੀ। ਪੁਦਗਲ (ਪਦਾਰਥ) ਦਾ ਮਾਇਆਜਾਲ ਅਜਿਹਾ ਹੀ ਪ੍ਰੇਮ ਰਹਿਤ ਹੈ। ਤੂੰ ਬੇਕਾਰ ਹੀ ਉਸ ਦੇ ਪਿੱਛੇ ਪਾਗਲਾਂ ਵਾਂਗੂੰ ਦੁਖੀ ਕਿਉਂ ਹੋ ਰਿਹਾ ਹੈਂ ? - (6)

ਜੋ ਜੁਦਾਈ ਦੇ ਜੰਗਲ ਵਿੱਚ ਭਟਕਾਉਣ ਵਾਲਾ ਹੈ, ਅਜਿਹੇ ਮਿਲਣ ਨੂੰ ਤੂੰ ਪਹਿਲਾਂ ਹੀ ਛੱਡ ਦੇ। ਆਪਣੀ ਇਕਾਗਰਤਾ ਨੂੰ ਸਾਫ਼ ਤੇ ਪਾਰਦਰਸ਼ੀ ਬਣਾ। ਰੇਗਿਸਤਾਨ ਦੀ ਮ੍ਰਿਗ-ਤ੍ਰਿਸ਼ਣਾ ਨਾਲ ਕਦੇ ਪਿਆਸ ਨਹੀਂ ਬੁਝੇਗੀ। ਸਗੋਂ ਹੋਰ ਭਟਕੇਗੀ। - (7)

ਦੁਨੀਆਂ ਵਿੱਚ ਜਿਸ ਦਾ ਕੋਈ ਨਹੀਂ, ਉਸ ਦੀ ਸਹਾਇਤਾ ਕਰਨ ਵਾਲਾ ਜੇਨਿੰਦ੍ਰ ਪ੍ਰਮਾਤਮਾ ਦਾ ਤੂੰ ਧਿਆਨ ਕਰ। ਇਹੋ ਮੁਕਤੀ ਪ੍ਰਾਪਤੀ ਦਾ ਇੱਕ ਸਰਲ ਉਪਾਅ ਹੈ। ਦੁੱਖ, ਕਸ਼ਟ ਅਤੇ ਮੁਸੀਬਤਾਂ ਦੇ ਤਾਪ ਨੂੰ ਸ਼ਾਂਤ ਕਰਨ ਵਾਲੇ ਸ਼ਾਤਸੁਧਾ ਰਸ ਦਾ ਤੂੰ ਸੇਵਨ ਕਰ। - (8)

## 6.

# ਅਸੁਰੀ ਭਾਵਨਾ

ਛੇਦ ਵਾਲੇ ਘੜੇ ਵਿੱਚ ਪਈ ਸ਼ਰਾਬ, ਗਲਦੀ ਹੈ ਅਤੇ ਉਹ ਗੰਦੇ ਘੜੇ ਨੂੰ ਬਾਹਰ ਤੋਂ ਚੰਗੀ ਤਰ੍ਹਾਂ ਮਿੱਟੀ ਨਾਲ ਸਾਫ਼ ਕੀਤਾ ਜਾਵੇ, ਗੰਗਾ ਦੇ ਪਾਣੀ ਨਾਲ ਉਸ ਨੂੰ ਧੋਇਆ ਜਾਵੇ, ਫਿਰ ਵੀ ਉਹ ਪਵਿੱਤਰ ਨਹੀਂ ਹੁੰਦਾ। ਉਸੇ ਪ੍ਰਕਾਰ ਗੰਦੀਆਂ ਹੱਡੀਆਂ, ਮਲ-ਮੂਤਰ, ਨੱਕ ਦੀ ਮੈਲ, ਚਮੜੀ ਅਤੇ ਖ਼ੂਨ 'ਚ ਰਹਿਆ ਹੋਇਆ ਇਹ ਸਰੀਰ ਕਾਫ਼ੀ ਕੋਸ਼ਿਸ਼ ਕਰਨ 'ਤੇ ਵੀ ਸ਼ੁੱਧ ਨਹੀਂ ਹੁੰਦਾ। - (1)

ਮੂਰਖ਼ ਆਦਮੀ ਬਾਰ-ਬਾਰ ਇਸ਼ਨਾਨ ਕਰਕੇ ਸਰੀਰ ਨੂੰ ਸਾਫ਼ ਕਰਦਾ ਹੈ। ਚੰਦਨ ਦਾ ਲੇਪ ਕਰਕੇ ਆਪਣੇ ਆਪ ਨੂੰ ਪਵਿੱਤਰ ਸਮਝਦਾ ਹੈ। ਪਰ ਇਹ ਸਾਰਾ ਭਰਮ ਹੀ ਹੈ। ਕੂੜੇ ਦੇ ਢੇਰ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ (ਜੇ ਸਾਫ਼ ਹੋ ਜਾਏ ਤਾ ਉਹ ਕੂੜਾ ਨਹੀਂ ਰਹੇਗਾ)। - (2)

ਲਹਸੁਣ ਨੂੰ ਕਪੂਰ ਆਦਿ ਸੁਗੰਧ ਵਾਲੇ ਪਦਾਰਥਾਂ ਵਿੱਚ ਰੱਖਿਆ ਜਾਵੇ, ਫਿਰ ਵੀ ਉਸ ਦੀ ਬਦਬੂ ਨਹੀਂ ਜਾਂਦੀ। ਦੁਸ਼ਟ ਆਦਮੀ 'ਤੇ ਜ਼ਿੰਦਗੀ ਭਰ ਉਪਕਾਰ ਕਰਦੇ ਰਹੋ, ਫਿਰ ਵੀ ਉਹ ਜ਼ਿੰਦਗੀ ਭਰ ਨਹੀਂ ਸੁਧਰੇਗਾ। ਇਸੇ ਪ੍ਰਕਾਰ ਹੀ ਇਸ ਸਰੀਰ ਨੂੰ ਕਿੰਨਾ ਹੀ ਸਜਾਓ, ਸ਼ਿੰਗਾਰੋ, ਤਾਕਤਵਰ ਬਣਾਓ, ਇਹ ਆਪਣੀ ਸੁਭਾਵਿਕ ਦੁਰਗੰਧ ਨੂੰ ਨਹੀਂ ਛੱਡੇਗਾ। ਇਸ ਦਾ ਕੋਈ ਭਰੋਸਾ ਨਹੀਂ। - (3)

ਜੋ ਸਰੀਰ ਆਪਣੇ ਮੇਲ ਵਿੱਚ ਆਉਣ ਵਾਲੀਆਂ ਪਵਿੱਤਰ ਵਸਤੂਆਂ ਨੂੰ ਵੀ ਅਪਵਿੱਤਰ ਬਣਾ ਦਿੰਦਾ ਹੈ, ਉਸ ਵਿੱਚ ਪਵਿੱਤਰਤਾ ਦੀ ਕਲਪਨਾ ਕਰਨਾ ਇਹੋ ਬੜੀ ਮੂਰਖ਼ਤਾ ਹੈ। - (4)

ਇਹ ਸਰੀਰਿਕ ਸਫਾਈ, ਸਰੀਰ ਦੀ ਪਵਿੱਤਰਤਾ ਦਾ ਖਿਆਲ ਹੀ ਗਲਤ ਹੈ। ਸਾਰੇ ਦੋਸ਼ਾਂ ਨੂੰ ਸਾਫ ਕਰਨ ਵਾਲਾ ਧਰਮ ਹੀ ਵਿਸ਼ਵ ਵਿੱਚ ਸਭ ਤੋਂ ਪਵਿੱਤਰ ਹੈ। ਉਸ ਧਰਮ ਨੂੰ ਤੂੰ ਆਪਣੇ ਹਿਰਦੇ ਵਿੱਚ ਧਾਰਨ ਕਰ। - (5)

## ਛੇਵੀ ਭਾਵਨਾ (ਗੀਤ)

ਹੇ ਵਿਨੈ ! ਇਹ ਸਰੀਰ ਗੰਦਾ ਹੈ, ਮੈਲਾ ਹੈ, ਇਹ ਤੂੰ ਸਾਫ ਤੌਰ 'ਤੇ ਸਮਝ ਲੈ। ਤੇਰੇ ਮਨ ਕਮਲ ਨੂੰ ਵਿਕਸਿਤ ਕਰ ਅਤੇ ਜੋ ਆਤਮ ਤੱਤਵ ਪ੍ਰਮਾਤਮਾ ਹੈ, ਕਲਿਆਣਕਾਰੀ ਹੈ, ਵਿਵੇਕ ਵਾਲਾ ਹੈ, ਉਸ ਦਾ ਚਿੰਤਨ ਕਰ। - (1)

ਇਸਤਰੀ ਪੁਰਸ਼ ਦੇ ਰਜ ਅਤੇ ਵੀਰਜ ਤੋਂ ਬਣਿਆ, ਮੈਲ ਅਤੇ ਗੰਦਗੀ ਦੇ ਢੇਰ ਵਰਗੇ ਇਸ ਸਰੀਰ ਤੋਂ ਕੀ ਚੰਗਾ ਹੋਵੇਗਾ ? ਇਸ ਨੂੰ ਚੰਗੀ ਤਰ੍ਹਾਂ ਢਕ ਲਵੋ, ਫਿਰ ਵੀ ਇਸ ਤੋਂ ਗੰਦੇ ਪਦਾਰਥ ਵਹਿੰਦੇ ਰਹਿੰਦੇ ਹਨ। ਅਜਿਹੇ ਗੰਦੇ ਬਦਬੂ ਵਾਲੇ ਖੂਹ ਨੂੰ ਕੌਣ ਬੁੱਧੀਮਾਨ ਚੰਗਾ ਸਮਝੇਗਾ ? - (2)

ਮੂੰਹ ਵਿੱਚ ਖੁਸ਼ਬੂ ਫੈਲਦੀ ਰਹੀ, ਇਸ ਲਈ ਪਾਨ ਵਿੱਚ ਖੁਸ਼ਬੂ ਵਗੈਰਾ ਪਾ ਕੇ ਆਦਮੀ ਖਾਂਦਾ ਹੈ। ਪਰ ਇਹ ਮੂੰਹ ਫਿਰ ਵੀ ਖੁਦ ਦੁਰਗੰਧ ਤੋਂ ਭਰੀ ਲਾਰ ਨਾਲ ਭਰਿਆ ਹੈ। ਫਿਰ ਵੀ ਉਸ ਵਿੱਚ ਖੁਸ਼ਬੂਦਾਰ ਸਾਹ ਦਾ ਨਿਵਾਸ ਰਹੇਗਾ, ਇਹ ਗਲਤ ਹੈ। - (3)

ਸਰੀਰ ਵਿੱਚ ਫੈਲੀ ਬਦਬੂ ਵਾਲੀ ਹਵਾ, ਦਬਾਉਣ ਨਾਲ ਨਹੀ ਦੱਬਦੀ, ਢਕਣ ਨਾਲ ਨਹੀਂ ਢਕੀ ਜਾਂਦੀ, ਫਿਰ ਤੂੰ ਇਸ ਸਰੀਰ ਨੂੰ ਬਾਰ-ਬਾਰ ਕਿਉਂ ਸੁੰਘਦਾਂ ਹੈਂ, ਜੀਭ ਨਾਲ ਚੱਟਦਾ ਹੈ ਅਤੇ ਇਸ ਤਰ੍ਹਾਂ ਤੇਰੇ

ਸਰੀਰ ਨੂੰ ਪਵਿੱਤਰ ਬਣਾਉਣ ਦੀ ਮੰਨਣ ਦੀ ਜੋ ਹਰਕਤ ਕਰਦਾ ਹੈਂ, ਉਸ 'ਤੇ ਬੁੱਧੀਮਾਨ ਲੋਕ ਹੱਸ ਰਹੇ ਹਨ, ਤੇਰਾ ਮਜ਼ਾਕ ਉਡਾ ਰਹੇ ਹਨ। - (4)

ਇਸਤਰੀ ਦੇ ਸਰੀਰ ਦੇ ਬਾਰਾਂ ਛੇਦਾਂ 'ਚੋਂ ਅਤੇ ਪੁਰਸ਼ ਦੇ ਨੌਂ ਛੇਦਾਂ 'ਚੋਂ ਲਗਾਤਾਰ ਅਪਵਿੱਤਰ ਪਦਾਰਥ ਨਿਕਲਦੇ ਰਹਿੰਦੇ ਹਨ, ਵਹਿੰਦੇ ਰਹਿੰਦੇ ਹਨ, ਉਸ ਨੂੰ ਤੂੰ ਪਵਿੱਤਰ ਮੰਨਣ ਦੀ ਤੂੰ ਜ਼ਿਦ ਕਿਉਂ ਫੜੀ ਬੈਠਾ ਹੈਂ ? ਲੱਗਦਾ ਹੈ ਕਿ ਤੂੰ ਕੋਈ ਨਵਾਂ ਤਰੀਕਾ ਲੱਭ ਲਿਆ ਹੈ। - (5)

ਚੰਗੀ ਤਰ੍ਹਾਂ ਤਿਆਰ ਕੀਤਾ ਹੋਇਆ ਸਵਾਦੀ ਅਤੇ ਰਸ ਵਾਲਾ ਭੋਜਨ ਵੀ ਗੰਦਗੀ ਵਿੱਚ ਬਦਲ ਕੇ ਘ੍ਰਿਣਾ ਪੈਦਾ ਕਰਦਾ ਹੈ। ਗਾਂ ਦਾ ਪਵਿੱਤਰ ਮੰਨਿਆ ਜਾਣ ਵਾਲਾ ਦੁੱਧ ਵੀ ਮੂਤਰ ਬਣ ਕੇ ਗੰਦਗੀ ਫੈਲਾਉਂਦਾ ਹੈ। - (6)

ਇਹ ਸਰੀਰ ਕੇਵਲ ਗੰਦਗੀ ਤੋਂ ਬਣੇ ਹੋਏ ਪ੍ਰਮਾਣੂਆਂ ਦਾ ਢੇਰ ਮਾਤਰ ਹੈ। ਸੁੰਦਰ ਰਸ ਵਾਲੇ ਭੋਜਨ, ਮਨ ਭਾਉਂਦੇ ਕੱਪੜੇ ਵੀ ਸਰੀਰ ਨੂੰ ਪਵਿੱਤਰਤਾ ਨਹੀਂ ਦਿੰਦੇ। ਪਰ ਇਸ ਸਰੀਰ ਵਿੱਚ ਜੇ ਕੋਈ ਸਾਰ ਤੱਤ ਹੈ ਤਾਂ ਉਹ ਹੈ ਮੁਕਤੀ ਮਾਰਗ ਦੀ ਅਰਾਧਨਾ ਕਰਨ ਦੀ ਸਮਰੱਥਾ। ਤੂੰ ਇਸ ਬਾਰੇ ਚਿੰਤਨ ਕਰ। - (7)

ਇਸ ਅਪਵਿੱਤਰ ਸਰੀਰ ਨੂੰ ਮਹਾਪੁੰਨਸ਼ਾਲੀ ਕਿਹਾ ਜਾ ਸਕੇ, ਅਜਿਹੀ ਕਲਾ ਦੇ ਬਾਰੇ ਤੂੰ ਕੁਝ ਸੋਚ। ਮਹਾਂ-ਪਵਿੱਤਰ ਆਗਮ ਰੂਪੀ ਤਲਾਬ ਦੇ ਕਿਨਾਰੇ ਬੈਠ ਕੇ ਤੂੰ ਸ਼ਾਤਸੁਧਾ ਦੇ ਰਸ ਦਾ ਸੇਵਨ ਕਰ। ਤੇਰਾ ਸਰੀਰ ਪਵਿੱਤਰ ਹੋਵੇਗਾ ਤੇ ਮਨ ਵੀ ਪਵਿੱਤਰ ਹੋ ਉੱਠੇਗਾ। - (8)